# ਇਮੀਗ੍ਰੇਸ਼ਨ ਨਜ਼ਰਬੰਦੀ ਵਿੱਚ ਟੈਲੀਫੋਨ ਦੀ ਸਹੂਲਤ ਨਾਲ ਸਬੰਧਿਤ ਪ੍ਰਸਤਾਵਿਤ ਸਮਝੌਤੇ ਦਾ ਨੋਟਿਸ

**ਲਯੋਨ, ET AL. ਬਨਾਮ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਐਨਫੋਰਸਮੈਂਟ ET AL.,**

**ਮੁਕੱਦਮਾ ਨੰਬਰ: 3:13-cv-05878-EMC**

**ਅਮਰੀਕੀ ਡਿਸਟ੍ਰਿਕਟ ਅਦਾਲਤ ਵਿੱਚ**

**ਕੈਲੀਫੋਰਨੀਆ ਦੇ ਉੱਤਰੀ ਡਿਸਟ੍ਰਿਕਟ ਲਈ**

**ਵੱਲ:** ਉਹਨਾਂ ਸਾਰੇ ਮੌਜੂਦਾ ਅਤੇ ਭਵਿੱਖ ਦੇ ਬਾਲਗ ਇਮੀਗ੍ਰੇਸ਼ਨ ਬੰਦੀਆਂ ਲਈ ਜਿੰਨਾ ਨੂੰ ICE (ਆਈ.ਸੀ.ਈ) ਦੁਆਰਾ ਕੌਂਟਰਾ ਕਾਊਂਟੀ, ਕੋਸਟਾ ਕਾਊਂਟੀ, ਕਰਨ ਕਾਊਂਟੀ, ਸੈਕਰਾਮੈਂਟੋ ਕਾਊਂਟੀ, ਜਾਂ ਯੂਬਾ ਕਾਊਂਟੀ ਵਿੱਚ ਰੱਖਿਆ ਗਿਆ ਹੈ ਜਾਂ ਰੱਖਿਆ ਜਾਵੇਗਾ।

## ਇਸ ਨੋਟਿਸ ਦਾ ਮਕਸਦ

ਇਸ ਨੋਟਿਸ ਦੇ ਤਿੰਨ ਮਕਸਦ ਹਨ: 1) ਤੁਹਾਨੂੰ ਇਸ ਕਲਾਸ-ਐਕਸ਼ਨ ਮੁਕੱਦਮੇ ਵਿੱਚ ਪ੍ਰਸਤਾਵਿਤ ਸਮਝੌਤੇ ਅਤੇ ਨਿਰਪੱਖਤਾ ਦੀ ਸੁਣਵਾਈ ਦੇ ਬਾਰੇ ਵਿੱਚ ਦੱਸਣਾ; 2) ਤੁਹਾਨੂੰ ਇਹ ਦੱਸਣਾ ਕਿ ਹੋਰ ਜਿਆਦਾ ਜਾਣਕਾਰੀ ਕਿਵੇਂ ਪ੍ਰਾਪਤ ਕਰਨੀ ਹੈ, ਜਿਸ ਵਿੱਚ ਸੰਪੂਰਨ ਪ੍ਰਸਤਾਵਿਤ ਸਮਝੌਤੇ ਦੇ ਇਕਰਾਰਨਾਮੇ ਦੀ ਇੱਕ ਕਾਪੀ ਵੀ ਸ਼ਾਮਲ ਹੁੰਦੀ ਹੈ; ਅਤੇ 3) ਇਹ ਸਮਝਾਉਣਾ ਕਿ ਇਸ ਨਾਲ ਸਹਿਮਤ ਨਾ ਹੋਣ ਤੇ ਤੁਸੀਂ ਪ੍ਰਸਤਾਵਿਤ ਸਮਝੌਤੇ ਦਾ ਇਤਰਾਜ਼ ਕਿਵੇਂ ਕਰ ਸਕਦੇ ਹੋ।

## ਮੁਕੱਦਮੇ ਦਾ ਪਿਛੋਕੜ

ਇਹ ਕਲਾਸ ਐਕਸ਼ਨ ਮੁਕੱਦਮੇ ਦੇ ਅਨੁਸਾਰ ਅਮਰੀਕਾ ਦੇ ਇਮੀਗ੍ਰੇਸ਼ਨ ਅਤੇ ਕਸਟਮ ਐਨਫੋਰਸਮੈਂਟ (ICE) ਕੌਂਟਰਾ ਕੋਸਟਾ ਪੱਛਮੀ ਕਾਊਂਟੀ ਨਜ਼ਰਬੰਦੀ ਕੇਂਦਰ , ਯੂਬਾ ਕਾਊਂਟੀ ਜੇਲ੍ਹ, ਰਿਓ ਕੋਸਿਊਮਨਸ ਕੋਰੈਕਸ਼ਨਲ ਸੈਂਟਰ (RCCC), ਅਤੇ ਮੇਸਾ ਵਰਡੇ ਨਜ਼ਰਬੰਦੀ ਸਹੂਲਤ (ਸਮੂਹਿਕ ਤੌਰ ਤੇ ਕੇਂਦਰਾਂ) ਵਿੱਚ ਰੱਖੇ ਗਏ ਇਮੀਗ੍ਰੇਸ਼ਨ ਬੰਦੀਆਂ ਲਈ ਮੁਨਾਸਬ ਟੈਲੀਫੋਨ ਪਹੁੰਚ ਮੁਹੱਈਆ ਨਹੀਂ ਕਰਵਾਉਂਦੇ ਹਨ। ਖਾਸ ਤੌਰ ਤੇ, ਮੁਕੱਦਮੇ ਦੇ ਅਨੁਸਾਰ ਕਿ ICE ਇਮੀਗ੍ਰੇਸ਼ਨ ਬੰਦੀਆਂ ਦੇ ਕਾਨੂੰਨੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਕਿਉਂਕਿ ਕੇਂਦਰਾਂ ਵਿੱਚ ਟੈਲੀਫੋਨ ਦੀ ਪਹੁੰਚ ਦੇ ਹਾਲਾਤ: (1) ਬੰਦੀਆਂ ਨੂੰ ਆਪਣੇ ਲਈ ਵਕੀਲ ਕਰਨ ਅਤੇ ਉਹਨਾਂ ਨਾਲ ਅਸਰਦਾਰ ਤਰੀਕੇ ਨਾਲ ਗੱਲਬਾਤ ਕਰਨ ਤੋਂ ਰੋਕਦੇ ਹਨ, ਅਤੇ (2) ਬੰਦੀਆਂ ਨੂੰ ਇਮੀਗ੍ਰੇਸ਼ਨ-ਨਾਲ ਸਬੰਧਤ ਕਾਰਵਾਈਆਂ ਵਿੱਚ ਪੇਸ਼ ਕਰਨ ਲਈ ਸਬੂਤ ਇਕੱਠਾ ਕਰਨ ਤੋਂ ਰੋਕਦੇ ਹਨ। ਮੁਕੱਦਮਾ ICE ਅਤੇ ਕੇਂਦਰਾਂ ਦੀਆਂ ਨੀਤੀਆਂ ਵਿੱਚ ਤਬਦੀਲੀ ਚਾਹੁੰਦਾ ਹੈ; ਇਹ ਪੈਸੇ ਦੇ ਨੁਕਸਾਨ ਦੀ ਮੰਗ ਨਹੀਂ ਕਰਦਾ ਹੈ। ਕਲਾਸ ਦੇ ਸਲਾਹਕਾਰ (ਕੇਂਦਰਾਂ ਵਿੱਚ ਬੰਦੀਆਂ ਦੇ ਹਿੱਤ ਦੀ ਨੁਮਾਇੰਦਗੀ ਕਰਨ ਵਾਲਾ) ਅਤੇ ICE ਦੇ ਵਕੀਲਾਂ ਨੇ ਸਮਝੌਤੇ ਲਈ ਗੱਲਬਾਤ ਕੀਤੀ ਹੈ। ਅਦਾਲਤ ਨੇ ਇਸ ਸਮਝੌਤੇ ਨੂੰ ਸ਼ੁਰੂਆਤੀ ਮਨਜ਼ੂਰੀ ਦੇ ਦਿੱਤੀ ਹੈ, ਅਤੇ ਅਗਲਾ ਕਦਮ ਅਦਾਲਤ ਲਈ ਕਲਾਸ ਦੇ ਮੈਂਬਰਾਂ ਵੱਲੋਂ ਕਿਸੇ ਵੀ ਟਿੱਪਣੀਆਂ ਅਤੇ ਇਤਰਾਜਾਂ 'ਤੇ ਵਿਚਾਰ ਕਰਨਾ ਹੁੰਦਾ ਹੈ। ਅਦਾਲਤ ਰੂਮ 5 – 17ਵੀਂ ਮੰਜ਼ਿਲ ਸਨਫ੍ਰੈਨਸਿਸਕੋ ਅਦਾਲਤ ਹਾਊਸ, 450 ਗੋਲਡਨ ਗੇਟ ਐਵੇਨਿਊ, ਸਨਫ੍ਰੈਨਸਿਸਕੋ, ਕੈਲੀਫ਼ੋਰਨੀਆ ਵਿੱਚ ਕੈਲੀਫੋਰਨੀਆ ਦੇ ਉੱਤਰੀ ਡਿਸਟ੍ਰਿਕਟ ਲਈ ਅਮਰੀਕੀ ਡਿਸਟ੍ਰਿਕਟ ਅਦਾਲਤ ਦੇ ਮਾਨਯੋਗ ਐਡਵਰਡ ਐਮ.ਚੇਨ ਦੀ ਅਗਵਾਈ ਹੇਠ 29 ਸਤੰਬਰ 2016 ਨੂੰ, ਦੁਪਿਹਰ ਦੇ 1:30 ਵਜੇ ਇੱਕ ਸੁਣਵਾਈ ਅਨੁਸੂਚਿਤ ਕੀਤੀ ਗਈ ਹੈ। ਇਸ ਸੁਣਵਾਈ 'ਤੇ, ਅਦਾਲਤ ਵਿਚਾਰ ਕਰੇਗੀ ਕਿ ਕੀ ਪ੍ਰਸਤਾਵਿਤ ਸਮਝੌਤਾ ਨਿਰਪੱਖ, ਉਚਿਤ ਅਤੇ ਕਾਫੀ ਹੈ। ਅਦਾਲਤ ਫਿਰ ਜਾਂ ਤਾਂ ਪ੍ਰਸਤਾਵਿਤ ਸਮਝੌਤੇ ਨੂੰ ਮਨਜ਼ੂਰ ਕਰੇਗੀ ਜਾਂ ਧਿਰਾਂ ਨੂੰ ਮੁੱਕਦਮਾ ਲੜਨਾ ਜਾਰੀ ਰੱਖਣ ਦਾ ਹੁਕਮ ਦੇਵੇਗੀ।

## ਪ੍ਰਸਤਾਵਿਤ ਸਮਝੌਤੇ ਦੀ ਸਹਿਮਤੀ ਦਾ ਵਰਣਨ

ਸਮਝੌਤੇ ਦੀ ਸਹਿਮਤੀ ਵਿੱਚ ਮੁੱਖ ਗੱਲਾਂ ਦਾ ਇੱਕ ਸੰਖੇਪ ਸਾਰ ਹੇਠਾਂ ਦਿੱਤਾ ਗਿਆ ਹੈ। ਸੰਪੂਰਨ ਸਹਿਮਤੀ ਦੀ ਇੱਕ ਨਕਲ ਪ੍ਰਾਪਤ ਕਰਨ ਲਈ, "ਵਧੇਰੇ ਜਾਣਕਾਰੀ ਲਈ" ਸਿਰਲੇਖ ਵਾਲਾ ਸੈਕਸ਼ਨ ਦੇਖੋ।

1. **ਹਾਊਸਿੰਗ ਇਕਾਈਆਂ ਵਿੱਚ ਨਿੱਜਤਾ ਲਈ ਹਾਊਸਿੰਗ ਇਕਾਈ ਫੋਨਾਂ ਅਤੇ ਨਵੇਂ ਬੂਥਾਂ ਦੇ ਫੋਨਾਂ ਤੋਂ ਕਾਨੂੰਨੀ ਕਾਲਾਂ ਕਰਨ ਲਈ ਹੋਰ ਜਿਆਦਾ ਤਰੀਕੇ ਹੋਣਗੇ।**

   a. **ICE ਹਾਊਸਿੰਗ ਇਕਾਈ ਫੋਨਾਂ ਤੋਂ ਹੋਰ ਸਰਾਕਰੀ ਦਫਤਰਾਂ ਅਤੇ ਕੁੱਝ ਵਕੀਲਾਂ ਨੂੰ ਮੁਫ਼ਤ, ਸਿੱਧੀਆਂ, ਗੈਰ-ਨਿਰੀਖਕ ਕਾਲਾਂ ਕਰਨ ਲਈ ਸਪੀਡ-ਡਾਇਲ ਸ਼ਮਿਲ ਕਰੇਗਾ।** ICE ਵਧੇਰੇ ਸਪੀਡ-ਡਾਇਲ ਨੰਬਰ ਸਥਾਪਿਤ ਕਰੇਗਾ (ਜੋ ਕਿ ICE ਦੇ ਬਿਨ੍ਹਾਂ ਖਰਚੇ ਦੇ ਪਲੇਟਫਾਰਮ ਦੇ ਸਮਾਨ ਹੈ) ਜੋ ਕਿ ਬਿਨ੍ਹਾਂ ਵਿਅਕਤੀ ਦੇ ਰਾਹੀਂ ਇੱਕ ਕਾਲ ਦਾ ਜਵਾਬ ਦਿੱਤੇ ਅਤੇ ਕਾਲ ਪ੍ਰਾਪਤ ਕੀਤੇ ਕਨੈਕਟ ਹੋਣਗੇ, ਜਿਸਨੂੰ ਰਿਕਾਰਡ ਜਾਂ ਨਿਰੀਖਣ ਨਹੀਂ ਕੀਤਾ ਜਾਵੇਗਾ ਅਤੇ ਇਹ ਕਾਲ ਕਰਨ ਵਾਲੇ ਅਤੇ ਪ੍ਰਾਪਤਕਰਤਾ ਦੇ ਲਈ ਫੀਸ ਰਹਿਤ ਹੋਵੇਗਾ। ਇਹਨਾਂ ਨੰਬਰਾਂ ਵਿੱਚ ਪੁਲਿਸ ਵਿਭਾਗ, ਪ੍ਰੋਬੇਸ਼ਨ ਵਿਭਾਗ, ਸਟੇਟ ਅਤੇ ਫੈਡਰਲ ਅਦਾਲਤ, ਅਤੇ ਪੁਨਰਸਥਾਪਨ ਸੈਂਟਰ ਤੇ ਨਾਲ ਹੀ ਵਕੀਲ ਸ਼ਾਮਿਲ ਹਨ ਜੋ ਭੁਗਤਾਨ ਕੀਤੇ ਅਤੇ ਬਿਨ੍ਹਾਂ ਖਰਚੇ ਦੇ ਇਮੀਗ੍ਰੇਸ਼ਨ ਪ੍ਰਤੀਨਿਧਤਾ ਮੁਹੱਈਆ ਕਰਵਾਉਂਦਾ ਹੈ ਅਤੇ ਪਲੇਟਫਾਰਮ ਵਿੱਚ ਸ਼ਾਮਿਲ ਕੀਤੇ ਜਾਣ ਲਈ ਬੇਨਤੀ ਕੀਤੀ ਹੈ।

   b. **ICE ਵਕੀਲਾਂ ਦੀ ਸੂਚੀ ਬਣਾਵੇਗਾ ਜਿੰਨ੍ਹਾਂ ਨੂੰ ਜਵਾਬ ਦੇਣ ਲਈ ਇੱਕ ਵਿਅਕਤੀ ਦੀ ਲੋੜ ਤੋਂ ਬਿਨ੍ਹਾਂ ਹੀ ਕਾਲ ਕੀਤਾ ਜਾਵੇਗਾ।** ICE ਵਕੀਲਾਂ ਨੂੰ (ਜਿੰਨ੍ਹਾਂ ਵਿੱਚ ਸਿਰਫ ਉਹ ਸ਼ਾਮਿਲ ਹੁੰਦੇ ਹਨ ਜੋ ਸਿਰਫ ਭੁਗਤਾਨ ਕੀਤੀ ਪ੍ਰਤੀਨਿਧਤਾ ਮੁਹੱਈਆ ਕਰਦੇ ਹਨ) ਟੈਲੀਫੋਨ ਦਾ ਜਵਾਬ ਦੇਣ ਲਈ ਇੱਕ ਵਿਅਕਤੀ ਦੀ ਜਰੂਰਤ ਤੋਂ ਬਿਨ੍ਹਾਂ ਹਾਊਸਿੰਗ ਇਕਾਈ ਦੇ ਫੋਨਾਂ ਤੋਂ ਕਾਲਾਂ ਪ੍ਰਾਪਤ ਕਰਨ ਦੀ ਆਗਿਆ ਦੇਵੇਗਾ। ਇਹਨਾਂ ਕਾਲਾਂ ਰਿਕਾਰਡ ਜਾਂ ਨਿਰੀਖਣ ਨਹੀਂ ਕੀਤਾ ਜਾਵੇਗਾ।

   c. **ICE ਮੁਕੱਦਮੇ ਨਾਲ ਸੰਬੰਧਿਤ ਟੈਲੀਫੋਨ ਕਾਲਾਂ ਦੇ ਲਈ ਹਾਊਸਿੰਗ ਇਕਾਈਆਂ ਦੇ ਵਿੱਚ ਅਤੇ ਆਸਪਾਸ ਫੋਨ ਬੂਥ ਸਥਾਪਿਤ ਕਰੇਗਾ।** ICE ਨੇ ਕੁੱਲ 40 ਫੋਨ ਬੂਥ ਸਥਾਪਿਤ ਕਰਨ ਲਈ ਸਹਿਮਤੀ ਦਿੱਤੀ ਹੈ ਜਿੰਨ੍ਹਾਂ ਨੂੰ ਚਾਰ ਕੇਂਦਰਾਂ ਵਿੱਚ ਵੰਡਿਆ ਜਾਵੇਗਾ ਹੈ। ਇਹ ਫੋਨ ਬੂਥ ਹਾਊਸਿੰਗ ਇਕਾਈ ਫੋਨ ਦੀ ਤਰ੍ਹਾਂ, ਲੇਕਿਨ ਹੋਰ ਜਿਆਦਾ ਪਰਦੇ ਨਾਲ, ਕੰਮ ਕਰਨਗੇ।

   d. **ICE ਫੋਨ ਬੂਥਾਂ ਲਈ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ।** ਕਾਊਂਟ ਅਤੇ ਲੌਕਡਾਊਨ ਤੋਂ ਇਲਾਵਾ, ਬੰਦੀ ਜਾਗਦੇ ਰਹਿਣ ਵਾਲੇ ਘੰਟਿਆਂ (ਜਿੰਨ੍ਹਾਂ ਵਿੱਚ ਕੋਂਟਰਾ ਕੋਸਟਾ ਵਿੱਚ ਗੈਰ-ਮੁਫ਼ਤ ਸਮਾਂ ਸ਼ਾਮਿਲ ਹੈ) ਦੇ ਦੌਰਾਨ ਕਿਸੇ ਵੀ ਸਮੇਂ ਫੋਨ ਬੂਥ ਦੀ ਵਰਤੋਂ ਕਰਨ ਦੇ ਯੋਗ ਹੋਣਗੇ। ਬੰਦੀ ਜੋ ਅਜਿਹੇ ਥਾਵਾਂ ਤੇ ਰੱਖੇ ਗਏ ਹਨ ਜਿੱਥੇ ਉਹਨਾਂ ਨੂੰ ਇੱਕ ਫੋਨ ਬੂਥ ਤੱਕ ਲਿਜਾਣ ਲਈ ਸਟਾਫ਼ ਦੀ ਜਰੂਰਤ ਹੁੰਦੀ ਹੈ, ਜਿਵੇਂ ਕਿ ਵੱਖ ਕਰਨ ਸਮੇਂ, ਨੂੰ ਇੱਕ ਬੇਨਤੀ ਕਰਨ ਤੋਂ ਜਾਗਦੇ ਰਹਿਣ ਦੇ ਦੋ ਘੰਟਿਆਂ ਦੇ ਵਿੱਚ ਇਸ ਦੀ ਪਹੁੰਚ ਪ੍ਰਾਪਤ ਕਰਨਗੇ, ਗੈਰਹਾਜ਼ਰ ਅਸਧਾਰਨ ਅਵਸਥਾਵਾਂ ਤੋਂ ਇਲਾਵਾ (ਜਿਸ ਬਾਰੇ ICE ਨੂੰ ਰਿਪੋਰਟ ਕੀਤਾ ਜਾਵੇਗਾ)। ਅਨੁਸ਼ਾਸਨ ਸੰਬੰਧੀ ਵੱਖ ਕਰਨ ਦੀ ਕਿਰਿਆ ਵਿੱਚ ਉਹਨਾਂ ਬੰਦੀਆਂ ਲਈ ਜਿੰਨ੍ਹਾਂ ਦੇ ਅਨੁਸ਼ਾਸ਼ਨ ਵਿੱਚ ਟੈਲੀਫੋਨ ਪਹੁੰਚ ਉੱਤੇ ਸੀਮਾਵਾਂ ਸ਼ਾਮਿਲ ਹਨ, ਇਹ ਜਰੂਰਤਾਂ ਕੇਵਲ ਨਿੱਜੀ ਜਾਂ ਪਰਿਵਾਰਕ ਅਪਾਤਕਾਲ, ਕਾਨੂੰਨੀ ਕਾਲਾਂ, ਜਾਂ ਉਹਨਾਂ ਕਾਲਾਂ ਉੱਤੇ ਲਾਗੂ ਹੁੰਦੀਆਂ ਹਨ ਜਿੰਨ੍ਹਾਂ ਨੂੰ ਪ੍ਰਭਾਵਸ਼ਾਲੀ ਜਰੂਰਤ ਦੁਆਰਾ ਉਚਿਤ ਠਹਿਰਾਇਆ ਜਾਂਦਾ ਹੈ।

   e. **ICE ਟੈਲੀਫੋਨ ਕਾਲਾਂ ਲਈ ਸਵੈਚਾਲਿਤ ਕੱਟ-ਆਫ਼ ਦਾ ਵਿਸਤਾਰ ਕਰੇਗਾ।**

      *i.* *ਯੂਬਾ:* ਹਾਊਸਿੰਗ ਇਕਾਈ ਫੋਨਾਂ ਲਈ ਕੱਟ-ਆਫ਼ 20 ਮਿੰਟਾਂ ਤੋਂ ਵਧਾ ਕੇ 40 ਮਿੰਟ ਕੀਤਾ ਜਾਵੇਗਾ, ਅਤੇ ਯੂਬਾ ਫੋਨ ਰੂਮ ਵਿੱਚ ਕੋਈ ਵੀ ਸਵੈਚਾਲਿਤ ਕੱਟ-ਆਫ਼ ਨਹੀਂ ਹੋਵੇਗਾ।

      *ii.* *RCCC:* ਹਾਊਸਿੰਗ ਇਕਾਈ ਫੋਨਾਂ ਲਈ ਕੱਟ-ਆਫ਼ 20 ਮਿੰਟਾਂ ਤੋਂ ਵਧਾ ਕੇ 40 ਮਿੰਟ ਕੀਤਾ ਜਾਵੇਗਾ।

      *iii.* *ਸਾਰੇ ਕੇਂਦਰਾਂ ਵਿਚ:* ICE ਦੇ ਬਿਨ੍ਹਾਂ ਖਰਚੇ ਦੇ ਪਲੈਟਫਾਰਮ ਤੋਂ ਕਾਲਾਂ ਲਈ ਸਵੈਚਾਲਿਤ ਕੱਟ-ਆਫ਼ ਨੂੰ 60 ਮਿੰਟਾਂ ਤੱਕ ਵਧਾਇਆ ਜਾਵੇਗਾ।

      *iv.* ਵਿਅਕਤੀਗਤ ਹਾਲਤਾਂ ਵਿਚ ਦੱਸੀ ਗਈ ਜਰੂਰਤ ਦੇ ਆਧਾਰ ਤੇ, ICE ਟੈਲੀਫੋਨ ਕਾਲਾਂ ਉੱਤੇ ਸਮੇਂ ਦੀਆਂ ਸੀਮਾਵਾਂ ਲਾਗੂ ਕਰ ਸਕਦਾ ਹੈ ਇਹ ਯਕੀਨੀ ਬਣਾਉਣ ਲਈ ਕਿ ਸਭ ਨੂੰ ਟੈਲੀਫੋਨ ਪਹੁੰਚ ਦੀ ਲੋੜ ਹੁੰਦੀ ਹੈ।

2. **ਨਿੱਜੀ ਫੋਨ ਕਮਰਿਆਂ ਤੋਂ ਕਾਨੂੰਨੀ ਕਾਲਾਂ ਕਰਨ ਲਈ ਦੇ ਹੋਰ ਜਿਆਦਾ ਤਰੀਕੇ ਹੋਣਗੇ।**

a. **ਇਮੀਗ੍ਰੇਸ਼ਨ ਬੰਦੀਆਂ ਨੂੰ ਕਾਨੂੰਨੀ ਕਾਲਾਂ ਲਈ ਨਿੱਜੀ ਫੋਨ ਕਮਰਿਆਂ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਜਾਵੇਗੀ, ਜਿੰਨ੍ਹਾਂ ਵਿੱਚ ਗੈਰ-ਵਕੀਲਾਂ ਨੂੰ ਕੀਤੀਆਂ ਕਾਲਾਂ ਸ਼ਾਮਿਲ ਹੁੰਦੀਆਂ ਹਨ।**

*i.* *ਸਧਾਰਨ:* ਇਹਨਾਂ ਕਾਲਾਂ ਨੂੰ ਰਿਕਾਰਡ ਨਹੀਂ ਕੀਤਾ ਜਾਵੇਗਾ ਜਾਂ ਨਿਰੀਖਣ ਨਹੀਂ ਕੀਤਾ ਜਾਵੇਗਾ ਅਤੇ ਜਵਾਬ ਦੇਣ ਲਈ ਕਿਸੇ ਵਿਅਕਤੀ ਦੀ ਲੋੜ ਨਹੀਂ ਹੋਵੇਗੀ। ਕਾਲ ਕਨੈਕਟ ਕਰਦੇ ਸਮੇਂ, ਕੇਂਦਰ ਸਟਾਫ਼ ਜਾਂ ICE ਦੇ ਕਰਮਚਾਰੀ ਕਾਲ ਪ੍ਰਾਪਤ ਕਰਨ ਵਾਲੇ ਦੇ ਨਾਮ ਦੀ ਜਾਂਚ ਕਰ ਸਕਦੇ ਹਨ ਅਤੇ ਪੁੱਛ ਸਕਦੇ ਹਨ ਕਿ ਕਾਲ ਪ੍ਰਾਪਤਕਰਤਾ ਕਾਲ ਕਰਨ ਵਾਲੇ ਨਾਲ ਗੱਲ ਕਰਨ ਲਈ ਸਹਿਮਤ ਹੈ ਕਿ ਨਹੀਂ, ਲੇਕਿਨ ਘੋਸ਼ਣਾ ਨਹੀਂ ਕਰ ਸਕਦੇ ਕਿ ਬੰਦੀ ਇੱਕ ਜ਼ੇਲ ਜਾਂ ਨਜ਼ਰਬੰਦ ਕੇਂਦਰ ਤੋਂ ਕਾਲ ਕਰ ਰਿਹਾ ਹੈ। ਜੇਕਰ ਕੋਈ ਵੀ ਜਵਾਬ ਨਹੀਂ ਦਿੰਦਾ ਹੈ, ਤਾਂ ਕਾਲਰ ਵੋਇਸਮੇਲ ਸੰਦੇਸ਼ ਛੱਡਣ ਦੇ ਯੋਗ ਹੋਣਗੇ ਅਤੇ ਸਵੈਚਾਲਿਤ ਜਵਾਬ ਦੇਣ ਵਾਲੇ ਸਿਸਟਮਾਂ ਵਿੱਚ ਨੈਵੀਗੇਟ ਕਰਨ ਦੇ ਯੋਗ ਹੋਣਗੇ ਜਿੰਨ੍ਹਾਂ ਲਈ ਇੱਕ ਐਕਸਟੈਂਸ਼ਨ ਡਾਇਲ ਕਰਨ ਦੀ ਲੋੜ ਹੁੰਦੀ ਹੈ।

*ii.* *ਵਕੀਲਾਂ ਲਈ ਕਾਲਾਂ:* ਇਮੀਗ੍ਰੇਸ਼ਨ ਬੰਦੀ ਇਹਨਾਂ ਫੋਨਾਂ ਤੋਂ ਲੰਬੀਆਂ ਕਾਲਾਂ ਲਈ ਜਾਂ ਵਾਧੂ ਗੁਪਤਤਾ ਦੀ ਜਰੂਰਤ ਵਾਲੀਆਂ ਕਾਲਾਂ ਲਈ ਵਕੀਲਾਂ ਨੂੰ ਕਾਲ ਕਰਨ ਦੇ ਯੋਗ ਹੋਣਗੇ। ਇਸ ਦੇ ਨਾਲ ਹੀ, ਵਕੀਲ ਬੇਨਤੀ ਕਰ ਸਕਦੇ ਹਨ ਕਿ ਕਾਲਾਂ ਵਿਸ਼ੇਸ਼ ਸਮਿਆਂ ਤੇ ਅਨੁਸੂਚਿਤ ਕੀਤੀਆਂ ਜਾਣ।

*iii.* *ਗੈਰ-ਵਕੀਲਾਂ ਲਈ ਕਾਲਾਂ:* ਇਮੀਗ੍ਰੇਸ਼ਨ ਬੰਦੀ ਇਹਨਾਂ ਫੋਨਾਂ ਤੋਂ ਗੈਰ-ਵਕੀਲਾਂ ਨੂੰ ਕਾਲ ਕਰਨ ਦੇ ਯੋਗ ਹੋਣਗੇ ਜੇਕਰ ਕਾਲ ਮੁਕੱਦਮੇ ਨਾਲ ਸਬੰਧਿਤ ਹੁੰਦੀ ਹੈ ਅਤੇ ਜੇਕਰ ਬੰਦੀ ਪਹਿਲਾਂ ਹੀ ਕੋਸ਼ਿਸ਼ ਕਰ ਚੁੱਕਿਆ ਹੈ ਅਤੇ ਇੱਕ ਹਾਊਸਿੰਗ ਇਕਾਈ ਫੋਨ ਦੀ ਵਰਤੋਂ ਕਰਕੇ ਵਿਅਕਤੀ ਨਾਲ ਸੰਪਰਕ ਕਰਨ ਵਿੱਚ ਅਸਮਰੱਥ ਰਿਹਾ ਹੈ।

*iv.* *RCCC ਅਤੇ ਯੂਬਾ:* ਇਸ ਜਰੂਰਤ ਨੂੰ RCCC ਵਿੱਚ ਪੂਰਾ ਕਰਨ ਲਈ ਇੱਕ ਫੋਨ ਕਮਰਾ, ਫੋਨ ਬੂਥ, ਜਾਂ ਕੋਈ ਹੋਰ ਘੇਰਾ ਸ਼ਾਮਿਲ ਕੀਤਾ ਜਾਵੇਗਾ, ਜਿਸ ਕੋਲ ਇਸ ਸਮੇਂ ਕੋਈ ਵੀ ਨਿੱਜੀ ਫੋਨ ਵਾਲਾ ਕਮਰਾ ਨਹੀਂ ਹੈ। ਯੂਬਾ ਫੋਨ ਕਮਰੇ ਵਿੱਚ ਨਿੱਜਤਾ ਵਿੱਚ ਸੁਧਾਰ ਕੀਤਾ ਜਾਵੇਗਾ।

b. **ਫੋਨ ਰੂਮ ਕਾਲਾਂ ਨੂੰ ਸਧਾਰਨ ਤੌਰ ਤੇ 30 ਮਿੰਟਾਂ ਤੱਕ ਸੀਮਿਤ ਕੀਤਾ ਜਾਵੇਗਾ ਲੇਕਿਨ ਇਮੀਗ੍ਰੇਸ਼ਨ ਬੰਦੀ ਲੰਬੀਆਂ ਕਾਲਾਂ ਲਈ ਬੇਨਤੀ ਕਰ ਸਕਦੇ ਹਨ।** ਲੇਕਿਨ, ਜਿਆਦਾ ਮੰਗ ਦੇ ਸਮਿਆਂ ਵਿੱਚ, ICE ਕਾਲ ਦੀਆਂ ਲੰਬਾਈਆਂ ਨੂੰ ਸੀਮਿਤ ਕਰ ਸਕਦਾ ਹੈ ਇਹ ਯਕੀਨੀ ਬਣਾਉਣ ਲਈ ਕਿ ਹਰ ਕਿਸੇ ਨੂੰ ਟੈਲੀਫੋਨ ਕਰਨ ਦੀ ਲੋੜ ਹੁੰਦੀ ਹੈ।

3. **ਹਰੇਕ ਕੇਂਦਰ ਤੇ ਔਨ-ਸਾਇਟ ਮਦਦਗਾਰ ਟੈਲੀਫੋਨ ਬੇਨਤੀਆਂ ਉੱਤੇ ਕਾਰਵਾਈ ਕਰਨਗੇ ਅਤੇ ਫੋਨ ਕਮਰਿਆਂ ਲਈ ਵੇਲੇ ਸਿਰ ਪਹੁੰਚ ਪ੍ਰਦਾਨ ਕਰਨਗੇ।** ਕਾਲਾਂ ਆਮ ਤੌਰ ਤੇ 8 ਵੇਕਿੰਗ ਘੰਟਿਆਂ ਦੇ ਅੰਦਰ ਪ੍ਰਦਾਨ ਕੀਤੀਆਂ ਜਾਣਗੀਆਂ, ਅਤੇ (ਅਸਧਾਰਨ ਅਵਸਥਾਵਾਂ ਤੋਂ ਇਲਾਵਾ) ਹਮੇਸ਼ਾ ਇੱਕ ਬੇਨਤੀ ਦੇ 24 ਘੰਟਿਆਂ ਦੇ ਅੰਦਰ ਹੋਣਗੀਆਂ।

4. **ਹਰੇਕ ਕੇਂਦਰ ਇਮੀਗ੍ਰੇਸ਼ਨ ਬੰਦੀਆਂ ਦੇ ਇਮੀਗ੍ਰੇਸ਼ਨ ਮੁੱਕਦਮਿਆਂ ਨਾਲ ਸਬੰਧਿਤ ਗੈਰ-ਗੁਪਤ ਫੋਨ ਅਤੇ/ਜਾਂ ਈਮੇਲ ਸੰਦੇਸ਼ਾਂ ਨੂੰ 24 ਘੰਟਿਆਂ ਦੇ ਅੰਦਰ ਲਵੇਗੀ ਅਤੇ ਪ੍ਰਦਾਨ ਕਰੇਗੀ।**

5. **ਉਹਨਾਂ ਬੰਦੀਆਂ ਲਈ ਜੋ ਫੋਨ ਕਾਲਾਂ ਦਾ ਭੁਗਤਾਨ ਨਹੀਂ ਕਰ ਸਕਦੇ ਹਨ, ICE ਵਾਧੂ ਫੋਨ ਰੂਮ ਦੀ ਪਹੁੰਚ ਜਾਂ ਫੋਨ ਕ੍ਰੈਡਿਟ ਮੁਹੱਈਆ ਕਰਵਾਏਗੀ।** ਇਹ ਉਹਨਾਂ ਬੰਦੀਆਂ ਲਈ ਉਪਲੱਬਧ ਹੋਵੇਗਾ ਜਿੰਨ੍ਹਾਂ ਕੋਲ ਬੇਨਤੀ ਦੇ ਸਮੇਂ ਆਪਣੇ ਸਹਾਇਕ ਖਾਤੇ ਵਿੱਚ 10 ਲਗਾਤਾਰ ਦਿਨਾਂ ਲਈ $15 ਤੋਂ ਘੱਟ ਹੁੰਦੇ ਹਨ।

6. **ICE ਅੰਤਰਰਾਸ਼ਟਰੀ ਕਾਨੂੰਨੀ ਕਾਲਾਂ ਲਈ ਰਿਹਾਇਸ਼ ਅਤੇ ਕਾਨੂੰਨੀ ਕਾਲਾਂ ਲਈ 3-ਵੇ ਕਾਲਿੰਗ ਪ੍ਰਦਾਨ ਕਰੇਗਾ।** ਇੱਥੇ ਅੰਤਰਰਾਸ਼ਟਰੀ ਕਾਨੂੰਨੀ ਕਾਲਾਂ ਲਈ ਬੇਨਤੀ ਕਰਨ ਇੱਕ ਸਿਸਟਮ ਹੋਵੇਗਾ ਭਾਵੇਂ ਕਿ ਅੰਤਰਰਾਸ਼ਟਰੀ ਕਾਲਾਂ ਹਾਊਸਿੰਗ ਇਕਾਈ ਫੋਨਾਂ ਜਾਂ ਫੋਨ ਕਮਰਿਆਂ ਤੋਂ ਡਾਇਲ ਨਹੀਂ ਕੀਤੀਆਂ ਜਾ ਸਕਦੀਆਂ। ਇੱਕ ਜਰੂਰਤ ਦੀ ਬੇਨਤੀ ਅਤੇ ਬਿਆਨ ਉੱਤੇ, ਜਿਵੇਂ ਕਿ ਇੱਕ ਕਾਲ ਨਾਲ ਜੁੜਨ ਲਈ ਇੱਕ ਦੁਭਾਸ਼ੀਏ ਦੀ ਲੋੜ ਪੈਣ ਤੇ, ICE ਕੇਂਦਰ ਵਿੱਚ ਜਾਂ ਨਜਦੀਕੀ ਫੀਲਡ ਦਫਤਰ ਵਿੱਚ 3-ਵੇ ਕਾਲਾਂ ਦੀ ਸਹੂਲਤ ਦੇਵੇਗਾ।

7. **ICE ਉਹਨਾਂ ਲੋਕਾਂ ਦੀ ਮਦਦ ਕਰੇਗਾ ਜੋ ਅੰਗਰੇਜ਼ੀ ਜਾਂ ਸਪੈਨਿਸ਼ ਨਹੀਂ ਜਾਣਦੇ।** ICE ਬੰਦੀਆਂ ਨੂੰ ਟੈਲੀਫੋਨ ਪਹੁੰਚ ਸਮੱਗਰੀ ਦੇ ਅਨੁਵਾਦ ਲਈ ਕੇਂਦਰ ਸਟਾਫ਼ ਅਤੇ ਟੈਲੀਫੋਨ ਪਹੁੰਚ ਲਈ ਸਹਾਇਤਾ ਬਾਰੇ ਪੁੱਛਣ ਲਈ 10 ਆਮ ਲਿਖਤੀ ਭਾਸ਼ਾਵਾਂ ਵਿੱਚ ਇੱਕ ਨੋਟਿਸ ਪੋਸਟ ਕਰੇਗਾ। ਬੇਨਤੀ ਕਰਨ ਤੇ, ਜੇਕਰ ਸਥਾਨਕ ਦੁਭਾਸ਼ੀਆ ਕਾਫੀ ਨਹੀਂ ਹੈ ਜਾਂ ਉਪਲੱਬਧ ਨਹੀਂ ਹੈ, ਤਾਂ ICE ਅਗਲੇਰੇ ਸਪਸ਼ਟੀਕਰਨਾਂ ਨੂੰ ਮੁਹੱਈਆ ਕਰਵਾਉਣ ਲਈ ਟੈਲੀਫੋਨ ਅਧਾਰਿਤ "ਭਾਸ਼ਾ ਲਾਈਨ" ਦੁਭਾਸ਼ੀਏ ਦੀ ਵਰਤੋਂ ਕਰੇਗਾ। ਇਸ ਤੋਂ ਇਲਾਵਾ, ਜੇਕਰ ਇੱਕ ਬੰਦੀ ਇੱਕ ਵਿਅਕਤੀ ਨੂੰ ਕਾਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਅੰਗ੍ਰੇਜ਼ੀ ਨਹੀਂ ਬੋਲ ਸਕਦਾ ਹੈ ਅਤੇ ਕਾਲ ਨੂੰ ਪ੍ਰਾਪਤ ਕਰਨ ਲਈ ਸਵੈਚਾਲਿਤ ਪਰੌਂਪਟਾਂ ਨੂੰ ਨਹੀਂ ਸਮਝ ਸਕਦਾ ਹੈ, ਤਾਂ ਬੰਦੀ ਮੁਕੱਦਮੇ ਨਾਲ ਸਬੰਧਿਤ ਕਾਲਾਂ ਲਈ ਉਸ ਵਿਅਕਤੀ ਨੂੰ ਕਾਲ ਕਰਨ ਲਈ ਫੋਨ ਰੂਮ ਦੀ ਵਰਤੋਂ ਕਰ ਸਕਦਾ ਹੈ।

8. **ICE ਨੂੰ ਨਜ਼ਰਬੰਦੀ ਨਾਲ ਸਬੰਧਿਤ ਜਿੰਮੇਵਾਰੀਆਂ ਵਾਲੇ ਸਾਰੇ ਸਥਾਨਕ ICE ਅਧਿਕਾਰੀਆਂ ਅਤੇ ਕੇਂਦਰ ਸਟਾਫ਼ ਜਿੰਨਾਂ ਦੀਆਂ ਜ਼ਿੰਮੇਵਾਰੀਆਂ ਵਿੱਚ ਬੰਦੀਆਂ ਦੀ ਨਿਗਰਾਨੀ ਕਰਨਾ ਜਾਂ ਟੈਲੀਫੋਨ ਪਹੁੰਚ ਮੁਹੱਈਆ ਕਰਵਾਉਣਾ ਸ਼ਾਮਿਲ ਹੁੰਦਾ ਹੈ ਦੀ ਸਿਖਲਾਈ ਦੀ ਜਰੂਰਤ ਹੁੰਦੀ ਹੈ।** ICE ਪੜਤਾਲ ਫਾਰਮਾਂ ਵਿੱਚ ਵੀ ਵੇਰਵਾ ਸ਼ਾਮਿਲ ਕਰੇਗਾ ਜਿੰਨ੍ਹਾਂ ਨੂੰ ਉਹ ਕਾਨੂੰਨੀ ਕਾਲਾਂ ਲਈ ਗੁਪਤਤਾ ਨਾਲ ਸਬੰਧਿਤ ਨਜ਼ਰਬੰਦੀ ਮਿਆਰਾਂ, ਟੈਲੀਫੋਨ ਬੇਨਤੀਆਂ ਦਾ ਜਵਾਬ ਦੇਣ ਲਈ ਸਮੇਂ ਦੀ ਬੱਧਤਾ, ਸੰਦੇਸ਼ ਸਪੁਰਦਗੀ ਸਿਸਟਮਾਂ ਦੀ ਉਪਲੱਬਧਤਾ, ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਦੀ ਉਪਲੱਬਧਤਾ, ਅਤੇ ਭੇਦਭਾਵ ਵਾਲੇ ਬੰਦੀਆਂ ਲਈ ਟੈਲੀਫੋਨ ਲਈ ਪਹੁੰਚ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ ਦੇਸ਼ ਭਰ ਵਿੱਚ ਨਜ਼ਰਬੰਦੀ ਕੇਂਦਰਾਂ ਲਈ ਇਸਤੇਮਾਲ ਕਰਦਾ ਹੈ।

9. **ਪੰਜ ਸਾਲ ਦਾ ਇਕਰਾਰਨਾਮਾ।** ICE ਕੋਲ ਅਦਾਲਤ ਵੱਲੋਂ ਸਮਝੌਤੇ ਨੂੰ ਮਨਜੂਰੀ ਦੇਣ ਤੋਂ ਬਾਅਦ ਲੋੜੀਂਦੇ ਬਦਲਾਓ ਕਰਨ ਲਈ ਇੱਕ ਸਾਲ ਹੋਵੇਗਾ। ਸਮਝੌਤਾ ਉਸ ਤੋਂ ਬਾਅਦ ਚਾਰ ਸਾਲਾਂ ਲਈ ਲਾਗੂ ਰਹੇਗਾ। ਇਸ ਸਮੇਂ ਦੌਰਾਨ, ICE ਨੂੰ ਸਮਝੌਤੇ ਦਾ ਨਿਰੀਖਣ ਕਰਨ ਅਤੇ ਲਾਗੂ ਕਰਨ ਲਈ ਕਲਾਸ ਸਲਾਹਕਾਰ ਨੂੰ ਜਾਣਕਾਰੀ ਮੁਹੱਈਆ ਕਰਵਾਉਣੀ ਚਾਹੀਦੀ ਹੈ,ਜਿਸ ਵਿੱਚ ਵੱਖ-ਵੱਖ ਦਸਤਾਵੇਜ਼ ਮੁਹੱਈਆ ਕਰਵਾਉਣਾ ਅਤੇ ਕਲਾਸ ਸਲਾਹਕਾਰ ਨੂੰ ਬੰਦੀਆਂ ਦੀ ਇੰਟਰਵਿਊ ਲੈਣ ਲਈ ਕੇਂਦਰਾਂ ਦਾ ਦੌਰਾ ਕਰਨ ਦੀ ਆਗਿਆ ਦੇਣਾ ਸ਼ਾਮਿਲ ਹੁੰਦਾ ਹੈ।

10. **ਅਦਾਲਤ ਇਕਰਾਰਨਾਮੇ ਨੂੰ ਲਾਗੂ ਕਰ ਸਕਦੀ ਹੈ ਜੇਕਰ ਕੋਈ ਵੀ ਉਲੰਘਣ ਕੀਤਾ ਜਾਂਦਾ ਹੈ।** ਅਦਾਲਤ ਸਮਝੌਤੇ ਦੇ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਲਾਗੂ ਕਰਨ ਲਈ ਮੁਕੱਦਮੇ ਉੱਤੇ ਅਧਿਕਾਰ ਖੇਤਰ ਬਰਕਰਾਰ ਰੱਖੇਗੀ।

11. **ਵਕੀਲ ਦੀ ਫੀਸ ਅਤੇ ਖਰਚੇ।** ਸਰਕਾਰ ਫੀਸ ਅਤੇ ਖਰਚਿਆਂ ਲਈ ਸਾਰੇ ਦਾਅਵਿਆਂ ਦੇ ਸਮਝੌਤੇ ਲਈ ਕਲਾਸ ਸਲਾਹਕਾਰ ਨੂੰ $405,000 ਦਾ ਭੁਗਤਾਨ ਕਰੇਗੀ। ਹੇਠਾਂ ਦੇਖੋ ਕਿ ਕਿਵੇਂ ਵਕੀਲ ਦੀ ਫੀਸ ਦੇ ਸਮਝੌਤੇ ਦੇ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਦੇ ਹਨ।

12. **ਦਾਅਵਿਆਂ ਤੋਂ ਮੁਕਤੀ।** ਕਲਾਸ ਮੈਂਬਰ ਘੋਸ਼ਕ ਜਾਂ ਆਦੇਸ਼ਕ ਰਾਹਤ ਲਈ ਸਾਰੇ ਦਾਅਵਿਆਂ ਤੋਂ ਸਰਕਾਰ ਨੂੰ ਮੁਕਤ ਕਰ ਦੇਣਗੇ ਜਿੰਨ੍ਹਾਂ ਨੂੰ ਮੁਕੱਦਮੇ ਵਿੱਚ ਕਥਿਤ ਤੱਥਾਂ ਅਤੇ ਅਵਸਥਾਵਾਂ ਦੇ ਆਧਾਰ ਤੇ ਕਲਾਸ ਮੈਂਬਰਾਂ ਦੇ ਵੱਲੋਂ ਲਿਆਂਦਾ ਗਿਆ ਸੀ।

**ਵਧੇਰੇ ਜਾਣਕਾਰੀ ਲਈ:**

ਇਹ ਇਕਰਾਰਨਾਮੇ ਦਾ ਇੱਕ ਸਾਰ ਹੈ। ਇਸਨੂੰ ਪੂਰੀ ਤਰ੍ਹਾਂ ਸਮਝਣ ਲਈ, ਤੁਹਾਨੂੰ ਸੰਪੂਰਨ ਇਕਰਾਰਨਾਮੇ ਨੂੰ ਪੜ੍ਹਨਾ ਚਾਹੀਦਾ ਹੈ। ਤੁਸੀਂ ਹੇਠਾਂ ਦਿੱਤੇ ਗਿਆਂ ਤੋਂ ਅੰਤਿਮ ਸਮਝੌਤੇ ਦੇ ਇਕਰਾਰਨਾਮੇ, ਵਕੀਲ ਦੀ ਸਮਝੌਤੇ ਦੀ ਫੀਸ ਦੀ ਵਿਵਸਥਾ ਲਈ ਅਦਾਲਤ ਦੀ ਮਨਜ਼ੂਰੀ ਦੀ ਮੰਗ ਕਰਨ ਵਾਲੇ ਕਲਾਸ ਸਲਾਹਕਾਰ ਦੇ ਮੋਸ਼ਨ ਦੀਆਂ ਨਕਲਾਂ ਅਤੇ ਇਸ ਨੋਟਿਸ ਦੀਆਂ ਨਕਲਾਂ ਪ੍ਰਾਪਤ ਕਰ ਸਕਦੇ ਹੋ:

1) ICE ਏਜੰਟਾਂ ਨੂੰ ਮੁਲਾਕਾਤ ਕਰਕੇ; 2) ICE ਦੀ ਵੈੱਬਸਾਈਟ (**www.ice.gov**) ਤੇ ਜਾ ਕੇ; 3) ਉੱਤਰੀ ਕੈਲੀਫੋਰਨੀਆ ਵੈੱਬਸਾਈਟ ਦੇ ACLU (**www.aclunc.org/our-work/legal-docket/lyon-v-ice-telephone-access-immigration-detainees**); ਪੰਨੇ ਤੋਂ 4) ICE ਦੇ ਬਿਨ੍ਹਾਂ ਖਰਚੇ ਦੇ ਕਾਲ ਪਲੈਟਫਾਰਮ ਦੁਆਰਾ ਸਪੀਡ ਡਾਇਲ ਨੰਬਰ #9160 ਦੀ ਵਰਤੋਂ ਕਰਕੇ ਕਲਾਸ ਸਲਾਹਕਾਰ ਨੂੰ ਕਾਲ ਕਰਕੇ ਜਾਂ (415) 621-2493, ext. 329 ਨੂੰ ਕਾਲ ਕਰਕੇ;

5) https://ecf.cand.uscourts.gov; ਉੱਤੇ ਉਪਲੱਬਧ, ਇਸ ਮੁੱਕਦਮੇ (Case No. 13-cv-05878 EMC) ਵਿੱਚ ਇਲੈਕਟ੍ਰਾਨਿਕ ਡੋਕੇਟ ਨਾਲ ਜਾਂ
6) ਹੇਠਾਂ ਦਿੱਤੇ ਪਤੇ ਉੱਤੇ ਕਲਾਸ ਸਲਾਹਕਾਰ ਨੂੰ ਲਿਖ ਕੇ:

ਕਲਾਸ ਸਲਾਹਕਾਰ
ਲਾਯੋਨ ਵੀ. *ICE* ਕਲਾਸ ਐਕਸ਼ਨ ਸਮਝੌਤਾ
c/o ਉੱਤਰੀ ਕੈਲੀਫੋਰਨੀਆ ਦੀ ACLU ਫਾਉਂਡੇਸ਼ਨ
39 ਡਰੱਮ ਸਟਰੀਟ
ਸਨ ਫ੍ਰੈਂਸਿਸਕੋ, CA 94111

ਜੇਕਰ ਕਲਾਸ ਸਲਾਹਕਾਰ ਨੂੰ ਕਾਲ ਕਰਦੇ ਹੋ ਜਾਂ ਲਿਖਦੇ ਹੋ, ਤਾਂ ਕਿਰਪਾ ਕਰਕੇ ਆਪਣੇ ਸੰਦੇਸ਼ ਜਾਂ ਚਿੱਠੀ ਵਿੱਚ ਨਿਰਧਾਰਿਤ ਕਰੋ ਕਿ ਤੁਸੀਂ ਕਿਸ ਬਾਰੇ ਪੁੱਛ ਰਹੇ ਹੋ (ਸਮਝੌਤੇ ਦੇ ਇਕਰਾਰਨਾਮੇ ਦੀ ਨਕਲ, ਵਕੀਲ ਦੀ ਫੀਸ ਦਾ ਮੋਸ਼ਨ, ਜਾਂ ਨੋਟਿਸ), ਆਪਣਾ ਨਾਮ, ਅਤੇ ਉਹ ਤੁਹਾਡੇ ਨਾਲ ਕਿਵੇਂ ਸੰਪਰਕ ਵਿੱਚ ਰਹਿਣ, ਇਸ ਬਾਰੇ ਦੱਸੋ। ਜੇਕਰ ਤੁਸੀਂ ਹਿਰਾਸਤ ਵਿੱਚ ਹੋ, ਤਾਂ ਨਜ਼ਰਬੰਦੀ ਸੈਂਟਰ ਨੂੰ ਦੱਸੋ ਕਿ ਤੁਸੀਂ ਇਸ ਵੇਲੇ ਕਿੱਥੇ ਹਿਰਾਸਤ ਵਿੱਚ ਹੋ। ਜੇਕਰ ਤੁਸੀਂ ਹਿਰਾਸਤ ਤੋਂ ਬਾਹਰ ਹੋ, ਕਿਰਪਾ ਕਰਕੇ ਆਪਣਾ ਪਤਾ ਅਤੇ ਟੈਲੀਫੋਨ ਨੰਬਰ ਮੁਹੱਈਆ ਕਰਵਾਓ।

ਕਿਰਪਾ ਕਰਕੇ ਇਸ ਸਮਝੌਤੇ ਬਾਰੇ ਪੁੱਛਗਿੱਛ ਕਰਨ ਲਈ ਅਦਾਲਤ ਜਾਂ ਅਦਾਲਤ ਦੇ ਕਲਰਕ ਦੇ ਦਫਤਰ ਵਿਖੇ ਟੈਲੀਫੋਨ ਨਾ ਕਰੋ।

**ਪ੍ਰਸਤਾਵਿਤ ਸਮਝੌਤੇ ਦਾ ਵਿਰੋਧ ਕਰਨ ਲਈ ਪ੍ਰਕਿਰਿਆਵਾਂ:**

ਤੁਸੀਂ ਇੱਕ ਇਤਰਾਜ਼ ਦਾਇਰ ਕਰਕੇ ਸਮਝੌਤੇ ਦੀ ਮਨਜੂਰੀ ਨੂੰ ਅਸਵੀਕਾਰ ਕਰਨ ਲਈ ਅਦਾਲਤ ਨੂੰ ਕਹਿ ਸਕਦੇ ਹੋ। ਤੁਸੀਂ ਅਦਾਲਤ ਨੂੰ ਇੱਕ ਵੱਖਰੇ ਸਮਝੌਤੇ ਦਾ ਆਦੇਸ਼ ਦੇਣ ਲਈ ਨਹੀਂ ਕਹਿ ਸਕਦੇ; ਅਦਾਲਤ ਸਿਰਫ ਇੱਕ ਸਮਝੌਤੇ ਨੂੰ ਮਨਜ਼ੂਰ ਜਾਂ ਨਾਮੰਨਜ਼ੂਰ ਕਰ ਸਕਦੀ ਹੈ। ਜੇਕਰ ਅਦਾਲਤ ਮੰਨਜੂਰੀ ਨੂੰ ਅਸਵੀਕਾਰ ਕਰਦੀ ਹੈ, ਤਾਂ ਸਮਝੌਤੇ ਦੇ ਉਪਬੰਧਾਂ ਨੂੰ ਲਾਗੂ ਨਹੀਂ ਕੀਤਾ ਜਾਵੇਗਾ ਅਤੇ ਮੁਕੱਦਮਾ ਜਾਰੀ ਰਹੇਗਾ। ਜੇਕਰ ਤੁਸੀਂ ਅਜਿਹਾ ਹੀ ਚਾਹੁੰਦੇ ਹੋ, ਤਾਂ ਤੁਹਾਨੂੰ ਵਿਰੋਧ ਕਰਨਾ ਚਾਹੀਦਾ ਹੈ।

ਜੇਕਰ ਤੁਸੀਂ ਪ੍ਰਸਤਾਵਿਤ ਸਮਝੌਤੇ ਦਾ ਵਿਰੋਧ ਕਰਦੇ ਹੋ, ਤਾਂ ਤੁਹਾਨੂੰ ਇਹ ਲਿਖਤੀ ਵਿੱਚ ਕਰਨਾ ਚਾਹੀਦਾ ਹੈ ਅਤੇ ਲਿਖਤੀ ਇਤਰਾਜ਼ ਅਦਾਲਤ ਨੂੰ ਜਮ੍ਹਾਂ ਕਰਵਾਉਣਾ ਚਾਹੀਦਾ ਹੈ। ਇਸ ਨੋਟਿਸ ਨਾਲ ਇੱਕ ਨਮੂਨਾ ਇਤਰਾਜ਼ ਫਾਰਮ ਨੱਥੀ ਕੀਤਾ ਗਿਆ ਹੈ ਜਿਸਨੂੰ ਤੁਸੀਂ ਇੱਕ ਲਿਖਤੀ ਇਤਰਾਜ਼ ਦਾਇਰ ਕਰਨ ਲਈ ਇਸਤੇਮਾਲ ਕਰ ਸਕਦੇ ਹੋ। ਤੁਸੀਂ ਇਸ ਫਾਰਮ ਦੀਆਂ ਵਾਧੂ ਨਕਲਾਂ ਲਈ ICE ਏਜੰਟਾਂ ਨੂੰ ਬੇਨਤੀ ਕਰ ਸਕਦੇ ਹੋ ਜੋ ਤੁਹਾਡੀ ਨਜ਼ਰਬੰਦੀ ਸਹੂਲਤ ਦਾ ਦੌਰਾ ਕਰਦੇ ਹਨ। ਜੇਕਰ ਤੁਸੀਂ ਇੱਕ ਇਤਰਾਜ਼ ਦਾਇਰ ਕਰਦੇ ਹੋ, ਤਾਂ ਤੁਸੀਂ ਅੰਤਿਮ ਮਨਜੂਰੀ ਦੀ ਸੁਣਵਾਈ ਤੇ ਪੇਸ਼ ਹੋਣਾ ਵੀ ਚੁਣ ਸਕਦੇ ਹੋ, ਜਾਂ ਤਾਂ ਖੁਦ ਜਾਂ ਆਪਣੇ ਵਕੀਲ ਦੇ ਦੁਆਰਾ। ਜੇਕਰ ਤੁਸੀਂ ਆਪਣੇ ਖੁਦ ਦੇ ਵਕੀਲ ਦੁਆਰਾ ਪੇਸ਼ ਹੁੰਦੇ ਹੋ, ਤਾਂ ਤੁਸੀਂ ਉਸ ਵਕੀਲ ਨੂੰ ਭੁਗਤਾਨ ਕਰਨ ਲਈ ਜਿੰਮੇਵਾਰ ਹੁੰਦੇ ਹੋ ਜੇਕਰ ਇਸ ਦੀ ਜਰੂਰਤ ਪੈਂਦੀ ਹੈ।

ਸਾਰੇ ਲਿਖਤੀ ਇਤਰਾਜ਼ ਅਤੇ ਸਮਰਥਨ ਦਸਤਾਵੇਜ਼ਾ ਨੂੰ:

(a) ਮੁੱਕਦਮੇ ਦੇ ਨਾਮ ਅਤੇ ਨੰਬਰ ਦੀ ਸਪਸ਼ਟ ਤੌਰ ਤੇ ਪਛਾਣ ਕਰਨੀ ਚਾਹੀਦੀ ਹੈ (*Lyon v. ICE*, ਮੁਕੱਦਮਾ ਨੰਬਰ 13-cv-05878 EMC);

(b) ਇਹ ਮੁਹੱਈਆ ਕਰਵਾਉਣੇ ਚਾਹੀਦੇ ਹਨ: (i) ਕਲਾਸ ਮੈਂਬਰ ਦਾ ਪੂਰਾ ਨਾਮ ਅਤੇ ਮੌਜੂਦਾ ਨਜ਼ਰਬੰਦੀ ਕੇਂਦਰ ਜਾਂ ਪਤਾ, (ii) ਇੱਕ ਦਸਤਖਤ ਕੀਤੀ ਘੋਸ਼ਣਾ ਕਿ ਕਲਾਸ ਮੈਂਬਰ, ਕਲਾਸ ਦਾ ਇੱਕ ਮੈਂਬਰ ਹੈ, (iii) ਇਤਰਾਜ਼ ਲਈ ਵਿਸ਼ੇਸ਼ ਆਧਾਰ, (iv) ਸਾਰੇ ਦਸਤਾਵੇਜ਼ ਅਤੇ ਲਿਖਤਾਂ ਜਿੰਨ੍ਹਾਂ ਉੱਤੇ ਕਲਾਸ ਮੈਂਬਰ ਚਾਹੁੰਦਾ ਹੈ ਕਿ ਅਦਾਲਤ ਵਿਚਾਰ ਕਰੇ, ਅਤੇ (v) ਕਿ ਕੀ ਕਲਾਸ ਮੈਂਬਰ ਨਿਰਪੱਖਤਾ ਸੁਣਵਾਈ ਉੱਤੇ ਪੇਸ਼ ਹੋਣਾ ਚਾਹੁੰਦਾ ਹੈ।

(c) ਅਦਾਲਤ ਨੂੰ ਜਮ੍ਹਾਂ ਕਰਵਾਉਣਾ ਚਾਹੀਦਾ ਹੈ ਜਾਂ ਤਾਂ ਉਹਨਾਂ ਨੂੰ ਕਲਾਸ ਐਕਸ਼ਨ ਕਲਰਕ, ਕੈਲੀਫੋਰਨੀਆ ਦੇ ਉੱਤਰੀ ਡਿਸਟ੍ਰਿਕਟ ਲਈ ਅਮਰੀਕੀ ਡਿਸਟ੍ਰਿਕਟ ਅਦਾਲਤ, 450 ਗੋਲਡਨ ਗੇਟ ਐਵੇਨਿਊ, ਸਨ ਫ੍ਰੈਨਸਿਸਕੋ, CA 94102, ਨੂੰ ਮੇਲ ਕਰਕੇ ਜਾਂ ਉਹਨਾਂ ਨੂੰ ਕੈਲੀਫੋਰਨੀਆ ਦੇ ਉੱਤਰੀ ਡਿਸਟ੍ਰਿਕਟ ਲਈ ਅਮਰੀਕੀ ਡਿਸਟ੍ਰਿਕਟ ਅਦਾਲਤ ਦੇ ਕਿਸੇ ਵੀ ਨਿਰਧਾਰਿਤ ਸਥਾਨ ਉੱਤੇ ਵਿਅਕਤੀਗਤ ਤੌਰ ਤੇ ਦਾਇਰ ਕਰਕੇ;

**(d)** 8 ਸਤੰਬਰ 2016 ਨੂੰ ਜਾਂ ਉਸ ਤੋਂ ਪਹਿਲਾਂ ਦਾਇਰ ਜਾਂ ਪੋਸਟਮਾਰਕ ਕੀਤਾ ਜਾਣਾ ਚਾਹੀਦਾ ਹੈ।

**ਅਮਰੀਕੀ ਡਿਸਟ੍ਰਿਕਟ ਅਦਾਲਤ**
**ਕੈਲੀਫੋਰਨੀਆ ਦਾ ਉੱਤਰੀ ਡਿਸਟ੍ਰਿਕਟ**

| | | |
|---|---|---|
| ਔਡਲੇ ਬੈਰਿੰਗਟਨ ਲਯੋਨ, ਜੇ.ਆਰ., et al., | ) | ਮੁਕੱਦਮਾ ਨੰ. 3:13-cv-05878-EMC |
| *ਮੁਦਈ,* | ) | |
| | ) | |
| ਬਨਾਮ | ) | |
| | ) | **ਪ੍ਰਸਤਾਵਿਤ ਸਮਝੌਤੇ ਦਾ ਇਤਰਾਜ਼** |
| ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਐਨਫੋਰਸਮੈਂਟ, et al., | ) | |
| *ਮੁਦਾਲਾ* | ) | ਮਾਨਯੋਗ ਐਡਵਾਰਡ ਐਮ. ਚੇਨ |
| | ) | |

ਮਾਨਯੋਗ ਅਦਾਲਤ ਲਈ:

ਮੈਂ ਮੰਨਦਾ ਹਾਂ ਕਿ ਮੈਂ ਇੱਕ ਕਲਾਸ ਮੈਂਬਰ ਹਾਂ ਕਿਉਂਕਿ ਮੈਂ ਮੌਜੂਦਾ ਸਮੇਂ ICE ਦੁਆਰਾ ਹੇਠਾਂ ਦਿੱਤੇ ਗਏ ਵਿੱਚ ਨਜ਼ਰਬੰਦ ਕੀਤਾ ਗਿਆ ਹਾਂ (ਇੱਕ ਨੂੰ ਚੁਣੋ):

__ ਕੌਂਟਰਾ ਕੋਸਟਾ ਕਾਉਂਟੀ ਵਿੱਚ ਪੱਛਮੀ ਕਾਉਂਟੀ ਨਜ਼ਰਬੰਦੀ ਕੇਂਦਰ

__ ਯੂਬਾ ਕਾਉਂਟੀ ਵਿੱਚ ਯੂਬਾ ਕਾਉਂਟੀ ਜੇਲ

__ ਸੈਕਰਾਮੈਂਟੋ ਕਾਉਂਟੀ ਵਿੱਚ ਰਿਓ ਕੋਸਿਉਮਨਸ ਕੋਰੈਕਸ਼ਨਲ ਸੈਂਟਰ

__ ਕਰਨ ਕਾਉਂਟੀ ਵਿੱਚ ਮੇਸਾ ਵਰਡੇ ਨਜ਼ਰਬੰਦੀ ਕੇਂਦਰ

ਮੈਂ ਪ੍ਰਸਤਾਵਿਤ ਸਮਝੌਤੇ ਦਾ ਵਿਰੋਧ ਕਰਦਾ ਹਾਂ ਕਿਉਂਕਿ: ______________________________________________

______________________________________________________________________________

______________________________________________________________________________

______________________________________________________________________________

_____________________________________________________________ [ਜੇ ਜਰੂਰੀ ਹੈ ਤਾਂ ਵਧੀਕ ਸ਼ੀਟਾਂ ਨੱਥੀ ਕਰੋ]

ਮੈਂ ਨਿਰਪੱਖ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਹੋਣ ਦਾ ਇਰਾਦਾ ਰੱਖਦਾ ਹਾਂ: ☐ ਹਾਂ ☐ ਨਹੀਂ

ਮੇਰੇ ਦਸਤਖਤ ਪੁਸ਼ਟੀ ਕਰਦੇ ਹਨ ਕਿ ਮੇਰੇ ਦੁਆਰਾ ਉੱਪਰੋਕਤ ਵਰਨਣ ਕੀਤਾ ਸਭ ਕੁੱਝ ਸੱਚ ਹੈ।

ਮਿਤੀ: ______________________ ਦਸਤਖਤ: ______________________

ਨਾਮ: ______________________

"A ਨੰਬਰ": ______________________

ਪਤਾ: ______________________